# ਸਾਬਤ ਸੂਰਤ ਸਿਰ ਦਸਤਾਰ

(ਭਾਈ ਆਤਮਾ ਸਿੰਘ ਜੀ 'ਸ਼ਾਤ')

ਇਕੋ ਨਕਸ਼ ਨਿਗਾਰ ਇਕੋ ਹੀ, ਦੋਹਾਂ ਦਾ ਇਕੋ ਵਿਵਹਾਰ।
ਰੂਹ ਇਕੋ, ਤੇ ਨਾਂ ਬੇਸ਼ਕ ਦੋ, ਇਕ ਪੁਰਖ ਤੇ ਇਕ ਹੈ ਨਾਰ।
ਜੀਵਨ ਖੇਡ ਮੈਦਾਨ ਦੇ ਅੰਦਰ, ਦੋਹਾਂ ਦਾ ਇਕੋ ਕਿਰਦਾਰ।
ਇਕ ਦੂਜੇ ਬਿਨ ਰਹੇ ਅਧੂਰਾ, ਪੂਰਾ ਮਰਦ ਨ ਪੂਰੀ ਨਾਰ।
ਇਸੇ ਲਈ ਹੀ ਸੋਚ ਸਮਝ ਕੇ, ਰਚਿਆ ਜੋੜਾ ਸਿਰਜਣਹਾਰ।
ਸਿੱਖ ਧਰਮ ਦੀ ਇਹੋ ਵਿਸ਼ੇਸ਼ਤਾ, ਦੋਹਾਂ ਦੀ ਪਦਵੀ ਹੈ ਇਕ ਸਾਰ।
ਕੰਘਾ ਕੇਸ ਕਛਹਿਰਾ ਰੱਖਣ, ਹੱਥ ਕੜਾ ਤੇ ਕਮਰ ਕਟਾਰ।
ਦਿਸੇ ਰੂਪ ਦੋਹਾਂ ਦਾ ਇਕੋ, ਸਾਬਤ ਸੂਰਤ ਸਿਰ ਦਸਤਾਰ।
ਕਿਸੀ ਧਰਮ ਨੇ ਮਦਰ ਬਰਾਬਰ, ਨਾਰ ਨੂੰ ਨਹੀਂ ਦਿੱਤਾ ਅਧਿਕਾਰ।
ਜ਼ੁਲਮ ਦੇਖ ਕੇ ਸਤਿਗੁਰ ਨਾਨਕ, ਜ਼ੋਰ ਦੇ ਨਾਲ ਕਿਹਾ ਲਲਕਾਰ।
ਪੜ੍ਹ ਵੇਖ ਲਏ 'ਵਾਰ ਆਸਾ ਦੀ'*, ਜਿਸਨੂੰ ਨਾ ਆਵੇ ਇਤਬਾਰ।
ਧਰਮ ਕਰਮ ਵਿਚ ਮਰਦ ਦੇ ਨਾਲੋਂ, ਘਟੀਆ ਨਹੀਂ ਰਤਾ ਵੀ ਨਾਰ।
ਨੀਵਾਂ ਜੋ ਔਰਤ ਨੂੰ ਜਾਣੇ, ਉਹ ਮਰਦ ਹੈ ਬੜਾ ਮੱਕਾਰ।
ਨਰ-ਨਾਰੀ ਦੇ ਰੂਪ 'ਚ ਆਪਣੀ, ਸ਼ਕਲ ਬਣਾਈ ਹੈ ਕਰਤਾਰ।
ਵਾਂਗ ਮਰਦ ਦੇ ਔਰਤ ਦੀ ਵੀ, ਸਾਬਤ ਸੂਰਤ ਸਿਰ ਦਸਤਾਰ।
ਅਸੀਂ ਭੁਲਾ ਦਿੱਤਾ ਹੈ ਮੂਲੋਂ, ਗੁਰੂਆਂ ਜੋ ਕੀਤਾ ਉਪਕਾਰ।
ਅੰਮ੍ਰਿਤ ਛਕ ਕੇ ਰਹਿਤ ਹੈ ਛੱਡੀ, ਨਹੀਂ ਰਹੇ ਹਾਂ ਆਗਿਆਕਾਰ।
ਸਿੱਖੀ ਚਲਨ ਤਿਆਗ ਦਿੱਤਾ ਹੈ, ਨਾ ਹੀ ਰਹਿਣ ਦਿੱਤੀ ਹੈ ਨਾਰ।
ਬੀਰੰਗਣ ਤੋਂ ਗੁੱਡੀ ਬਣਾਇਆ, ਕਰ ਕਰ ਊਟ ਪਟਾਂਗ ਸ਼ਿੰਗਾਰ।
ਆਪਣੇ ਨਾਲ ਆਪਣੀ ਸਾਥਣ ਨੂੰ ਵੀ, ਕੀਤਾ ਹੈ ਖੂਬ ਖੁਆਰ।
ਉਸ ਦੀ ਵੀ ਨਹੀਂ ਰਹਿਣ ਦਿੱਤੀ ਹੈ, ਸਾਬਤ ਸੂਰਤ ਸਿਰ ਦਸਤਾਰ।
ਸੁੰਦਰ ਦਾੜ੍ਹਾ ਸਿਰ ਦਸਤਾਰ, ਰੱਬੀ ਰੂਪ ਬਣੇ ਸਰਦਾਰ।
ਨਾਰ ਵੀ ਲੱਗੇ ਸਰਦਾਰਨੀ, ਜੇ ਹੋਵੇ ਸਿਰ ਦਸਤਾਰ।
ਚੜ੍ਹਦੀ ਕਲਾ ਕੜਾ ਪਾ ਹੱਥ 'ਚ, ਸੋਹੇ ਕਮਰ ਦੇ ਵਿੱਚ ਕਟਾਰ।
ਇਕੋ ਰੂਪ ਦੋਹਾਂ ਦਾ ਹੋਵੇ, ਹੋਣ ਦੋਏ (ਜੇ) ਤਿਆਰ ਬਰ ਤਿਆਰ।
ਹਰ ਮੈਦਾਨ ਫ਼ਤਹ ਫਿਰ ਹੋਵੇ, ਦੁਸ਼ਮਣ ਸਹਿ ਸਕੇ ਨਾ ਵਾਰ।
ਖੁੱਲ੍ਹ ਉਹਨਾਂ ਉਤੇ ਹੈ ਜਾਂਦਾ, ਅਰਸ਼ੀ ਬਖਸ਼ਸ਼ ਦਾ ਭੰਡਾਰ।
ਜੇਕਰ 'ਸ਼ਾਤ' ਦੋਹਾਂ ਦੀ ਹੋਵੇ, ਸਾਬਤ ਸੂਰਤ ਸਿਰ ਦਸਤਾਰ।

{*ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥ (ਪੰਨਾ -੪੭੩)}

*(ਧੰਨਵਾਦ ਸਹਿਤ 'ਸੂਰਾ' ਨਬੰਵਰ ੧੯੯੪)*